# ਅਸੀਂ ਪਰਮੇਸ਼ਵਰ ਨਾਲ ਗੱਲਬਾਤ ਕਰਨੀ ਹੈ, ਜਿਵੇ ਦਾਨੀਏਲ ਨੇ ਕੀਤੀ।

ਉਹ ਜਿਹੜੇ ਬੱਚਿਆਂ ਨੂੰ ਪੜ੍ਹਾਦੇ ਹਨ ਪੜ੍ਹਨ ਪੜ੍ਹਾਈ – P6b

**ਪ੍ਰਾਰਥਨਾ** :– ''ਸੁਰਗੀ ਪਿਤਾ, ਕਿਰਪਾ ਕਰਕੇ ਮੈਨੂੰ ਬੁੱਧੀ, (ਅਕਲ) ਵਿਸ਼ਵਾਸ ਅਤੇ ਯੋਗਤਾ ਦਿਓ ਕਿ ਤੁਹਾਡੇ ਝੁੰਡ ਦੀ ਅਗਵਾਈ, ਤੁਹਾਨੂੰ ਲੱਭਣ ਵਿੱਚ ਕਰ ਸਕਾਂ ਅਤੇ ਅਕਸਰ ਤੁਹਾਡੇ ਨਾਲ ਹਰੇਕ ਚੀਜ਼ ਦੀ ਲੋੜ ਦੇ ਬਾਰੇ ਵਿੱਚ ਗੱਲ ਬਾਤ ਕਰ ਸੱਕਾਂ।''

**1. ਆਪਣੇ ਦਿੱਲਾਂ ਨੂੰ ਆਪਣੇ ਝੁਡ ਦੀ ਅਗਵਾਈ ਲਈ ਵਿਸ਼ਵਾਸ ਨਾਲ ਪ੍ਰਾਥਨਾ ਕਰਕੇ ਤਿਆਰ ਕਰੋ।**

ਬਾਈਬਲ ਵਿੱਚੋ ਲੱਭੋ ਹੇਠਾਂ ਲਿਖਿਆ ਕੁਝ ਵੱਖ ਵੱਖ ਚੀਜ਼ਾਂ ਬਾਰੇ, ਉਹ ਰਾਹ ਜਿਸ ਤਰ੍ਹਾਂ, ਉਨ੍ਹਾਂ ਹਰੇਕ ਵਿਸ਼ਵਾਸੀਆਂ ਨੇ ਪਰਮੇਸ਼ਵਰ ਕੋਲ ਪ੍ਰਾਰਥਨਾ ਕੀਤੀ। ਦਾਨੀਏਲ

ਸੁਲੇਮਾਨ 2 ਇਤਹਾਸ 6:12–17

ਯਅਬੇਸ 1 ਇਤਹਾਸ 4:9 ਤੇ 10

ਹੰਨਾਹ, 1 ਸਮੂਏਲ 1:9–13

ਦਾਊਦ 2 ਸਮੂਏਲ 7:18–22

ਦਾਨੀਏਲ, ਦਾਨੀਏਲ 9:3–19

ਮਸ਼ੀਹ ਲੋਕ ਰਸੂੰਲਾ ਦੇ ਕਰਤਬ 4:24–30



ਦਾਨੀਏਲ

**ਟਿੱਪਣੀ** : ਅਸੀ ਪਰਮੇਸ਼ਵਰ ਦੀ ਪ੍ਰਾਥਨਾ, ਖਲੋ ਕੇ, ਬਹਿ ਕੇ, ਗੋਡਿਆਂ ਦੇ ਬੈਹ ਕੇ ਜਾਂ ਲੇਟ ਕੇ, ਆਪਣੀ ਅਵਾਜ ਨਾਲ ਜਾਂ ਚੁਪਚਾਪ ਕਰ ਸਕਦੇ ਹਾਂ।

ਬਾਈਬਲ ਵਿੱਚੋ ਲੱਭੋ ਕਿਵੇਂ ਪਰਮੇਸ਼ਵਰ ਚਾਹੁੰਦਾ ਹੈ ਕਿ ਅਸੀ ਪ੍ਰਾਰਥਨਾ ਕਰੀਏ।

- ਗੁਪਤ ਵਿੱਚ, ਮੱਤੀ 6:5–8, 1 ਟਿੱਪਣੀ : ਮਸ਼ੀਹਾਂ ਨੂੰ ਪ੍ਰਾਰਥਨਾ ਕਰਨੀ ਚਾਹੀਦੀ ਹੈ, ਪਰਮੇਸ਼ਵਰ ਨੂੰ ਦਿਖਾਉਣ ਅਤੇ ਸੁਣਾਉਣ ਲਈ ਪਰ ਇਸ ਵਾਸਤੇ ਨਹੀ ਕਿ ਹੋਰ ਲੋਕਾਂ ਨੂੰ ਸੁਣਾਉਣ ਅਤੇ ਦਿਖਾਉਣ।
- ਦੂਜਿਆਂ ਨੂੰ ਮਾਫ ਕਰਨਾ, ਮੱਤੀ 6:9–15। ਟਿੱਪਣੀ : ਮਸ਼ੀਹੀ ਲੋਕ ਬਹੁਤ ਸਾਰੀਆਂ ਗਲਤੀਆਂ ਕਰਦੇ ਹਨ, ਅਤੇ ਬਹੁਤ ਪਾਪਾਂ ਦੇ ਹਵਾਲੇ ਹੁੰਦੇ ਹਨ, ਇਸ ਵਾਸਤੇ ਉਨ੍ਹਾਂ ਨੂੰ ਪਰਮੇਸ਼ਵਰ ਤੋਂ ਮਾਫੀ। ਪਰ ਸਾਨੂੰ ਪਰਮੇਸ਼ਵਰ ਸਿਰਫ ਉਦੋਂ ਹੀ ਮਾਫ ਕਰਦਾ ਹੈ, ਜਦੋਂ ਅਸੀ ਦੂਜਿਆਂ ਨੂੰ ਮਾਫ ਕਰਦੇ ਹਨ ਉਹ ਜਿਹੜੇ ਸਾਡੇ ਦੋਸ਼ੀ ਹਨ।
- ਪਛਤਾਵਾ ਕਰਨ ਨਾਲ : ਲੁੱਕਾ 18:10–14। ਟਿੱਪਣੀ, ਕੋਈ ਵੀ ਇੰਨਾ ਚੰਗਾ ਨਹੀ ਹੈ ਕਿ ਪਰਮੇਸ਼ਵਰ ਉਹਦੀਆ ਪ੍ਰਾਥਨਾਵਾਂ ਦਾ ਉੱਤਰ ਦੇਵੇ, ਇਸ ਲਈ, ਸਾਨੂੰ ਆਪਣੀਆਂ ਗਲਤੀਆਂ ਨੂੰ ਜ਼ਰੂਰ ਮੰਨਣਾ ਹੈ। ਜਦੋ ਅਸੀ ਪ੍ਰਾਰਥਨਾ ਕਰਦੇ ਹਾਂ ਤਾਂ ਮਖੌਲ ਨਾ ਕਰੋ ਕਿ ਅਸੀਂ ਕਿੰਨੇ ਜਿਆਦਾ ਚੰਗੇ ਹਾਂ।
- ਜਿਵੇ ਆਗਿਆਕਾਰ (ਤਾਬੇਦਾਰ) ਪਤਨੀਆ (ਬੀਵੀਆ) ਅਤੇ ਜਿਵੇ ਨਿਮਰ (ਭੱਦਰ) ਪਤੀ, 1 ਪਤਰਸ 3:1–9 ਸਾਡਾ ਸੁਰਗੀ ਪਿਤਾ ਸਾਡੇ ਨਾਲ ਜਿਵੇ ਸਲੂਕ ਕਰਦਾ ਹੈ, ਉਸੇ ਤਰ੍ਹਾਂ ਸਾਨੂੰ ਆਪਣੇ ਸਾਥੀਆਂ ਨਾਲ ਸਲੂਕ ਕਰਨਾ ਚਾਹੀਦਾ ਹੈ।
- ਧੰਨਵਾਦ ਨਾਲ, 1 ਥੱਸਲੁਨੀਕੀਆਂ 5:16–18, 1 ਟਿੱਪਣੀ ਪਰਮੇਸ਼ਵਰ ਹਮੇਸ਼ਾ (ਸਦੀਪਕ) ਚੰਗਾ ਹੈ, ਅਤੇ ਹਮੇਸ਼ਾ ਪ੍ਰਾਰਥਨਾਵਾ ਦਾ ਉੱਤਰ ਸੱਚਾਈ ਵਾਲੇ ਰਾਹ ਨਾਲ ਦਿੰਦਾ ਹੈ, ਉਹ ਜਿਹੜਾ ਸਾਡੇ ਲਈ ਸਹੀ ਹੈ।



ਬਾਈਬਲ ਵਿੱਚੋ ਲੱਭੋ ਮਸ਼ੀਹੀ ਲੋਕਾਂ ਦੀਆਂ ਪ੍ਰਾਰਥਨਾ ਦੂਜੇ ਧਰਮਾ ਦੀਆਂ ਪ੍ਰਾਰਥਨਾਵਾਂ ਤੋਂ ਕਿਵੇ ਵੱਖ ਹਨ?

- ਯਿਸੂ ਦੇ ਨਾਮ ਦਾ ਇਸਤੇਮਾਲ ਕਰਕੇ, ਯਹੂੰਨਾ 15:16, 16:24
- ਪਵਿੱਤਰ ਆਤਮਾ ਨਾਲ ਯਹੂੰਦਾ 20 ਤੇ 21
- ਪਰਮੇਸ਼ਵਰ ਨੂੰ ''ਪਿਤਾ'' ਬੁਲਾ ਕੇ, ਮੱਤੀ 6:9

ਬਾਈਬਲ ਦੇ ਇੰਨ੍ਹਾਂ ਵਚਨਾ ਵਿੱਚੋ ਲੱਭੋ ਅਤੇ ਹੇਠਾ ਕੁਝ ਚੀਜ਼ਾਂ ਨੂੰ ਲਿਖੋ, ਜਿਹੜੀਆਂ ਪਰਮੇਸ਼ਵਰ ਚਾਹੁੰਦਾ ਹੈ ਕਿ ਵਿਸ਼ਵਾਸੀ ਉਹਦੇ ਕੋਲ ਆਖਣ :

ਮੱਤੀ 6:9–13

ਰਸੂੰਲਾਂ ਦੇ ਕਰਤਬ 4:27–30

ਅਫਸੀਆਂ 1:15–20

ਯਾਕੂਬ 1:2–5

ਯਾਕੂਬ 5:13–16

ਦਾਨੀਏਲ 6 ਪੜ੍ਹੋ ਇਹ ਲੱਭਣ ਲਈ ਅਤੇ ਲਿਖ ਲਉ

- ਆਇਤਾ 6:1–4 ਵਿੱਚ ਕਿਉ ਰਾਜਾ ਦਾਰਾ ਦੇ ਅਫਸਰ (ਮਨਸਬਦਾਰਾ) ਦਾਨੀਏਲ ਨਾਲ ਜਲਨ ਰੱਖਦੇ ਸਨ।
- ਆਇਤਾ 5–9 ਉਨ੍ਹਾਂ ਪਰਧਾਨਾ ਅਤੇ ਮਨਸਬਦਾਰਾਂ: ਦੀ ਸ਼ੈਤਾਨੀ ਯੋਜਨਾ ਦਾਨੀਏਲ ਨੂੰ ਮਾਰਨ ਦੀ।
- ਆਇਤਾ 10–11 ਵਿੱਚ ਦਾਨੀਏਲ ਨੇ ਕੀ ਕੀਤਾ ਜਦੋਂ ਉਹਨੂੰ, ਉਨ੍ਹਾਂ ਦੀ ਸਾਜਸ ਬਾਰੇ ਪਤਾ ਲੱਗਿਆ।
- ਆਇਤਾ 12–15 ਵਿੱਚੋ ਕਿਵੇ ਸ਼ੈਤਾਨੀ ਆਦਮੀਆ ਨੇ ਜ਼ੋਰ ਪਾ ਕੇ ਰਾਜੇ ਨੂੰ ਤਿਆਰ ਕਰ ਲਿਆ।
- ਆਇਤਾ 16–22 ਪਰਮੇਸ਼ਵਰ ਨੇ ਦਾਨੀਏਲ ਨੂੰ ਬਚਾਉਣ ਲਈ ਕੀ ਕੀਤਾ?
- ਆਇਤਾ 23–24 ਵਿਚ ਰਾਜਾ ਦਾਰਾ ਨੇ ਉਨ੍ਹਾਂ ਸ਼ੈਤਾਨੀ ਆਦਮੀਆਂ: ਨਾਲ ਕੀ ਕੀਤਾ।
- ਆਇਤਾ 25–28 ਵਿੱਚ ਰਾਜਾ ਦਾਰਾ ਨੇ ਪਰਮੇਸ਼ਵਰ ਨੂੰ ਵਡਿਆਈ ਦੇਣ ਲਈ ਕੀ ਕੀਤਾ?



**2. ਆਪਣੇ ਸਾਥੀਆਂ ਨਾਲ ਆਉਣ ਵਾਲੇ ਹਫਤਿਆ ਦੀਆਂ ਗਤੀਵਿਧੀਆਂ ਦੀ ਯੋਜਨਾ ਬਣਾਉ।**

ਕਲੀਸੀਆਂ ਦੇ ਮੈਬਰਾਂ ਕੋਲ ਜਾਉ, ਉਹ ਜਿੰਨਾ ਕੋਲ ਲੋੜਾਂ ਹਨ ਅਤੇ ਉਨ੍ਹਾਂ ਨਾਲ ਪ੍ਰਾਰਥਨਾ ਕਰੋ।

ਉਨ੍ਹਾਂ ਰਸਤਿਆ ਦੇ ਰਾਹੀ ਉਥੇ ਜਾਉ ਜਿਥੇ ਕੁਝ ਮਸ਼ੀਹੀ ਲੋਕ ਕਹਿੰਦੇ ਹਨ ਜਾ ਮਸ਼ੀਹੀ ਲੋਕ ਨਹੀ ਹਨ। ਲੋਕਾਂ ਲਈ ਪ੍ਰਾਰਥਨਾ ਕਰੋ। ਪਰਮੇਸ਼ਵਰ ਨੂੰ ਆਖੋ ਕਿ ਉਹ ਉਨ੍ਹਾਂ ਨੂੰ ਅਸ਼ੀਸ ਦੇਵੇ, ਅਤੇ ਤੁਹਾਨੂੰ ਦੱਸੇ ਕਿ ਕਿਹੜਾ ਘਰ ਤਿਆਰ ਹੈ, ਸ਼ੁੱਭ ਸੰਦੇਸ਼ ਦੇ ਉੱਤੇ ਵਿਸ਼ਵਾਸ ਕਰਨ ਲਈ।

ਨਵਿਆਂ ਮੈਬਰਾਂ ਦੇ ਕੋਲ ਜਾਉ ਅਤੇ ਉਨ੍ਹਾਂ ਨੂੰ ਦੱਸੋ ਕਿਵੇ ਉਨ੍ਹਾਂ ਨੂੰ ਰੋਜਾਨਾ ਪਰਵਾਰਿਕ ਅਤੇ ਇੱਕਾਂਤ ਵਿੱਚ ਪ੍ਰਾਰਥਨਾ ਕਰਨੀ ਹੈ

**3.** ਆਪਣੇ ਸਾਥੀਆਂ ਨਾਲ ਆਉਣ ਵਾਲੀ ਅਰਾਧਨਾਂ ਲਈ ਯੋਜਨਾ ਬਣਾਉ।

ਇਹੋ ਜਿਹੀਆਂ ਗਤੀਵਿਧੀਆਂ ਚੁਣੋ, ਜਿਹੜੀਆਂ ਹਾਲ ਦੀ ਜ਼ਰੂਰਤ ਅਤੇ ਸਥਾਨਿਕ ਰੀਤੀ ਰਿਵਾਜਾਂ ਨੂੰ ਪੂਰਾ ਕਰਦੀਆ ਹਨ।

ਦਾਨੀਏਲ 6 ਬਾਪ ਵਿੱਚ ਦਾਨੀਏਲ ਦੀ ਕਹਾਣੀ ਦਾ ਵਰਨਣ ਕਰੋ ਜਾਂ ਕਰਕੇ ਦਿਖਾਉ।

ਪਹਿਲੇ ਹਿੱਸੇ ਵਿੱਚੋ ਕੀ ਲੱਭਿਆ, ਇਹਦੇ ਬਾਰੇ ਪ੍ਰਸ਼ਨ ਪੁੱਛੋ।

ਬੱਚੇ ਨਾਟਕ, ਕਵਿਤਾਵਾਂ ਅਤੇ ਪ੍ਰਸ਼ਨਾ ਨੂੰ ਉਹ ਜਿੰਨ੍ਹਾਂ ਨੂੰ ਉਨ੍ਹਾਂ ਨੇ ਤਿਆਰ ਕੀਤਾ ਹੈ ਪੇਸ਼ ਕਰਣ।

ਮੱਤੀ 6:9–13 ਵਿੱਚ ਉਹ ਪ੍ਰਾਥਨਾ ਜਿਹੜੀ ਯੀਸ਼ੂ ਨੇ ਸਿਖਾਈ, ਸਾਰੀ ਕਲੀਸੀਆਂ ਇੱਕਠੀ ਦੁਹਰਾਏ।

ਝੁੰਡ ਨੂੰ ਪ੍ਰਾਰਥਨਾ ਸਿਖਾਉ, ਉਨ੍ਹਾਂ ਬਾਈਬਲ ਦੇ ਵਚਨਾ ਦੇ ਨਮੂਨਿਆ ਨਾਲ, ਜਿਹੜੇ ਇਸ ਹਿੱਸੇ ਵਿੱਚ ਹਨ, ਅਤੇ ਝੁੰਡ ਦੀ ਅਗਵਾਈ ਕਰੋ, ਪ੍ਰਾਰਥਨਾ ਲਈ ਉਨ੍ਹਾਂ ਚੀਜ਼ਾਂ ਬਾਰੇ ਜਿੰਨ੍ਹਾਂ ਦੀ ਉਨ੍ਹਾਂ ਨੂੰ ਜ਼ਰੂਰਤ ਹੈ।

ਵਿਸ਼ਵਾਸੀਆਂ ਨੂੰ ਰੋਜਾਨਾ ਪ੍ਰਾਰਥਨਾ, ਜਿਵੇ ਪਰਿਵਾਰ ਵਿੱਚ ਜਾ ਇੱਕਲੇ ਕਰਨ ਦੇ ਲਈ ਹੌਸਲਾ ਵਧਾਉ।

ਯਾਦ ਕਰੋ 1 ਥੱਸਲੁਨੀਕੀਆ 5:17 ''ਲਗਾਤਾਰ ਪ੍ਰਾਰਥਨਾ।''

**ਪ੍ਰਭੂ ਭੋਜ ਪੇਸ਼ ਕਰਨ ਲਈ** : 1 ਬਾਪ ਦਾਨੀਏਲ ਵਿੱਚ ਦੱਸੋ, ਕਿਵੇ ਦਾਨੀਏਲ ਦੇ ਤਿੰਨਾਂ ਮਿੱਤਰਾਂ ਨੇ ਚੰਗੇ ਖਾਣੇ ਨੂੰ ਚੁਣਿਆਂ ਉਹ ਜਿਹੜਾ ਉਸੇ ਵੇਲੇ ਪਰਮੇਸ਼ਵਰ ਦੇ ਕਾਨੂੰਨ (ਸ਼ਰਾ) ਨੂੰ ਪੂਰਾ ਕਰਦਾ ਸੀ। ਸਮਝਾਉ ਅਸੀ ਸਾਰੇ ਬਹੁਤ ਵਧੀਆਂ ਖਾਣਾਂ ਖਾਦੇ ਹਾਂ ਜਦੋ ਅਸੀ ਸਾਰੇ ਪ੍ਰਭੂ ਭੇਜ ਲੈਦੇ ਹਾਂ।

ਵਿਸ਼ਵਾਸੀਆਂ ਨੂੰ ਪ੍ਰਾਰਥਨਾ ਕਰਨ ਲਈ ਆਖੋ, ਯਿਸ਼ੂ ਲਈ ਪਰਮੇਸ਼ਵਰ ਨੂੰ ਧੰਨਵਾਦ ਦਿਉ, ਜੀਵਨ ਦੀ ਰੋਟੀ ਲਈ, ਉਸ ਲਹੂ ਲਈ ਜਿਹੜਾ ਸਾਡੇ ਸਾਰਿਆ ਪਾਪਾਂ ਤੋਨੂੰ ਮਾਫ ਕਰਦਾ ਹੈ, ਹੋਰ ਦੂਜਿਆ ਲਈ, ਚੰਗੀਆਂ ਚੀਜ਼ਾ ਲਈ, ਉਹਨੇ ਪਰਮੇਸ਼ਵਰ ਕੋਲੋ ਲਈਆ ਹਨ।

Copyright 2004 © by Paul-Timothy. May be freely copied. Download from www.Paul-Timothy.net